## ਪੀ.ਈ.ਡੀ.ਐਸ.[PEDS] ਵਿਜ਼ਨ[ਦ੍ਰਿਸ਼ਟੀਕੋਣ]

- ਖਾਣ-ਪੀਣ ਦੇ ਵਿਕਾਰਾਂ ਦੀ ਮੌਤ ਦਰ ਨੂੰ ਘਟ ਕਰਨਾ
- ਪੀੜਤਾਂ ਦੇ ਲੱਛਣਾਂ ਦਾ ਪ੍ਰਬੰਧਨ ਕਰਨਾ ਤਾਂ ਜੋ ਉਹ ਇੱਕ ਅਜਿਹੇ ਸੰਸਾਰ ਵਿੱਚ ਰਹਿਣ ਦੇ ਯੋਗ ਹੋਣ ਜਿੱਥੇ ਉਹਨਾਂ ਕੋਲ ਜੀਵਨ ਦੀ ਵਧੀਆ ਗੁਣਵਤਾ ਹੋਵੇ
- ਪੀੜਤਾਂ ਨੂੰ ਉਸ ਸਮੇਂ ਪਹੁੰਚ ਕਰਨ ਦੇ ਯੋਗ ਹੋਣ ਵਿੱਚ ਮਦਦ ਕਰਨਾ ਜਦ ਉਹਨਾਂ ਨੂੰ ਲੋੜ ਪੈਂਦੀ ਹੈ
- ਸਾਰੇ ਵਿੱਦਿਅਕ ਖੇਤਰਾਂ ਅਤੇ ਰੁਜ਼ਗਾਰਦਾਤਾਵਾਂ ਨੂੰ ਖਾਣ ਦੇ ਵਿਕਾਰਾਂ ਬਾਰੇ ਜਾਣਕਾਰੀ ਅਤੇ ਸਮਝ ਹੋਣੀ

## PEDS ਵਿਜ਼ਨ

- ਉਮੀਦ
- ਹਮਦਰਦੀ
- ਈਮਾਨਦਾਰੀ
- ਖੁਦਮੁਖਤਿਆਰੀ
- ਸੰਪੂਰਨਤਾ

## ਸੰਸਥਾਪਕ

**ਸੁ ਰੈਟਲ**
(ਰਜਿਸਟਰਡ ਨਰਸ)
**ਮੈਂਡੀ ਸਕਾਟ**
(ਰਜਿਸਟਰਡ ਮੈਂਟਲ ਹੈਲਥ ਨਰਸ)

ਇਹ ਨਿਮਨਲਿਖਤ ਦੇ ਨਾਲ ਮਿਲਕੇ/ਫ਼ੰਡ ਸਹਾਇਤਾ ਪ੍ਰਾਪਤ ਕਰਕੇ ਹੁੰਦਾ ਹੈ:

COMMUNITY FUND
UNIVERSITY OF CAMBRIDGE
a.r.u.
Cambridgeshire & Peterborough Integrated Care System
2014 Pride in Peterborough

## ਸਾਨੂੰ ਕਿੱਥੇ ਲੱਭਣਾ ਹੈ:




ਸਾਡਾ ਦਫਤਰ ਪੀਟਰਬਰੋ ਸਿਟੀ ਸੈਂਟਰ ਵਿੱਚ ਬਰੋਬਰੀ ਮੈਡੀਕਲ ਸੈਂਟਰ ਵਿਖੇ ਹੈ।ਦਿਸ਼ਾ-ਨਿਰਦੇਸ਼ ਹੇਠਾਂ ਦਿੱਤੇ ਗਏ ਹਨ ਜਦ ਤੁਸੀਂ ਕਵੀਨਜ਼ਗੇਟ ਸ਼ਾਪਿੰਗ ਸੈਂਟਰ ਦੇ ਪਿਛਲੇ ਪਾਸੇ ਤੋਂ ਬਾਹਰ ਨਿਕਲਦੇ ਹੋ (ਮਾਈਕਲ ਜੌਹਨ ਹੇਅਰ ਦੇ ਲਾਗੇ):

- ਖੱਬੇ ਪਾਸੇ ਮੁੜੋ, ਫੇਰ ਸੱਜੇ ਪਾਸੇ ਲਿੰਕਨ ਰੋਡ 'ਤੇ ਮੁੜੋ
- ਲਿੰਕਨ ਰੋਡ 'ਤੇ ਰਹੋ
- ਕ੍ਰੈਗ ਸਟਰੀਟ 'ਤੇ ਖੱਬੇ ਪਾਸੇ ਮੁੜੋ
- ਬਰੋਬੱਰੀ ਮੈਡੀਕਲ ਸੈਂਟਰ ਸੱਜੇ-ਪਾਸੇ ਹੈ, ਪਾਰਕਿੰਗ ਉਪਲਬਧ ਹੈ।

## PEDS ਨਾਲ ਸੰਪਰਕ ਕਰਨਾ

ਕਿਸੇ ਅਪਾਇੰਟਮੈਂਟ ਦਾ ਬੰਦੋਬਸਤ ਕਰਨ ਲਈ ਜਾਂ ਸਾਡੀ ਟੀਮ ਵਿੱਚੋਂ ਕਿਸੇ ਨਾਲ ਗੱਲ ਕਰਨ ਲਈ, ਕਿਰਪਾ ਕਰਕੇ ਸਾਡੇ ਨਾਲ ਇਸ ਨੰਬਰ 'ਤੇ ਸੰਪਰਕ ਕਰੋ:

**01733 391 537**

ਕਿਰਪਾ ਕਰਕੇ ਕੋਈ ਵੋਆਇਸਮੇਲ ਛੱਡ ਦਿਓ ਅਤੇ ਅਸੀਂ ਤੁਹਾਡੇ ਨਾਲ ਜਾਂ ਇਸ ਪਤੇ 'ਤੇ ਈਮੇਲ ਰਾਹੀਂ ਵਾਪਸ ਆਵਾਂਗੇ:
**admin@pedsupport.co.uk**



# PEDS

ਖਾਣ ਦੇ ਵਿਕਾਰਾਂ ਵਿੱਚ ਵਿਅਕਤੀਗਤ ਤੌਰ 'ਤੇ ਮਦਦ

**www.pedsupport.co.uk**

# ਠੀਕ ਹੋਣ ਲਈ ਜੀਵਨ ਦਾ ਨਿਰਮਾਣ ਕਰਨਾ

PEDS ਪੰਜੀਕਿਰਤ ਦਫਤਰ
ਬਰੋਬਰੀ ਮੈਡੀਕਲ ਸੈਂਟਰ, ਕਰੇਗ ਸਟਰੀਟ, ਪੀਟਰਬਰੋ PE1 2EJ ਪੰਜੀਕਿਰਤ ਚੈਰਿਟੀ ਨੰਬਰ: 1156578

## ਪੀ.ਈ.ਡੀ.ਐਸ.PEDS ਕੀ ਹੈ?

ਖਾਣ ਦੇ ਵਿਕਾਰਾਂ ਵਿੱਚ ਵਿਅਕਤੀਗਤ ਤੌਰ 'ਤੇ ਮਦਦ(PEDS) ਇੱਕ ਚੈਰਿਟੀ ਹੈ ਜੋ ਖਾਣ ਦੇ ਇੱਕ ਵਿਸ਼ੇਸ਼ੱਗ ਵਿਕਾਰ 'ਤੇ ਆਧਾਰਿਤ ਹੈ
ਇਹ ਪੀਟਰਬਰੋ ਵਿੱਚ ਹੈ, ਜੋ ਕੈਂਬਰਿਜਸ਼ਾਇਰ ਵਿੱਚ ਵਿਅਕਤੀ ਵਿਸ਼ੇਸ਼ਾਂ ਦੀ ਸਹਾਇਤਾ ਕਰਦਾ ਹੈ ਅਤੇ ਇਸਤੋਂ ਇਲਾਵਾ ਇੱਕ ਅਜਿਹਾ ਖੇਤਰ ਹੈ ਜਿੱਥੇ ਸਮਰੱਥਾ ਯੋਗਤਾ ਆਗਿਆ ਦਿੰਦੀ ਹੈ।

ਅਸੀਂ ਸਾਡੇ ਸੇਵਾ ਵਰਤਕਾਂ ਨੂੰ ਵਿਅਕਤੀਗਤ ਸੈਸ਼ਨਾਂ ਦੀ ਪੇਸ਼ਕਸ਼ ਕਰਦੇ ਹਾਂ ਜਿੰਨ੍ਹਾਂ ਨੂੰ ਹਰੇਕ ਵਿਅਕਤੀ ਦੀਆਂ ਵਿਲੱਖਣ ਲੋੜਾਂ ਦੀ ਪੂਰਤੀ ਕਰਨ ਲਈ ਵਿਉਂਤਿਆ ਜਾਂਦਾ ਹੈ। ਅਸੀਂ ਪਰਿਵਾਰਕ ਸ਼ੈਸ਼ਨ ਵੀ ਪ੍ਰਦਾਨ ਕਰਾਉਂਦੇ ਹਾਂ ਜਿੰਨ੍ਹਾਂ ਵਿੱਚ ਵਿਹਾਰਕ ਮਦਦ, ਸਿੱਖਿਆ ਅਤੇ ਸਹਾਇਤਾ ਸ਼ਾਮਲ ਹਨ। ਅਸੀਂ ਸਥਾਨਕ ਭਾਈਚਾਰੇ ਵਿੱਚ ਆਊਟਰੀਚ/ਐਕਸਪੋਜ਼ਰ ਕਾਰਜ ਦੀ ਪੇਸ਼ਕਸ਼ ਵੀ ਕਰਦੇ ਹਾਂ।

ਸਕੂਲਾਂ ਅਤੇ ਹੋਰ ਸੰਸਥਾਵਾਂ ਨੂੰ ਦਾਨ[ਡੋਨੇਸ਼ਨ] ਵਾਸਤੇ ਸਿੱਖਿਆ, ਸਲਾਹ-ਮਸ਼ਵਰਾ ਅਤੇ ਸਿਖਲਾਈ ਪੈਕੇਜ ਵੀ ਪ੍ਰਦਾਨ ਕੀਤੇ ਜਾ ਸਕਦੇ ਹਨ।

ਪੀ.ਈ.ਡੀ.ਐਸ ਅਪ੍ਰੈਲ 2014 ਵਿੱਚ ਖਾਣ ਪੀਣ ਦੇ ਵਿਕਾਰ ਦੀ ਇੱਕ ਸੁਤੰਤਰ ਚੈਰਿਟੀ ਬਣ ਗਈ। ਇਸ ਤੋਂ ਪਹਿਲਾਂ, 2013 ਤੋਂ ਲੈਕੇ ਅਸੀਂ ਕਾਰਐਲਾਈਨ ਨਾਲ ਸਬੰਧਿਤ ਸੇਵਾਵਾਂ ਪ੍ਰਦਾਨ ਕੀਤੀਆਂ ਹਨ, ਜੋ ਕਿ ਇੱਕ ਲਿਊਟਨ-ਆਧਾਰਿਤ ਖਾਣ-ਪੀਣ ਦੇ ਵਿਕਾਰ ਦੀ ਚੈਰਿਟੀ ਹੈ।

## ਅਸੀਂ ਕੌਣ ਹਾਂ

ਪੀ ਈ ਡੀ ਐਸ ਦੀ ਸਥਾਪਨਾ ਦੋ ਪੰਜੀਕਿਰਤ ਨਰਸਾਂ ਸੂ ਰੈਟਲ ਅਤੇ ਮੈਂਡੀ ਸਕਾਟ ਦੁਆਰਾ ਕੀਤੀ ਗਈ ਸੀ ਜਿੰਨ੍ਹਾਂ ਕੋਲ ਖਾਣ ਦੇ ਵਿਕਾਰਾਂ ਵਾਲੇ ਲੋਕਾਂ ਨਾਲ ਕੰਮ ਕਰਨ ਦਾ 30 ਤੋਂ ਵਧੇਰੇ ਸਾਲਾਂ ਦਾ ਸੰਯੁਕਤ ਤਜ਼ਰਬਾ ਸੀ। PEDS ਬੱਚਿਆਂ ਅਤੇ ਬਾਲਗਾਂ ਦੋਨਾਂ ਨਾਲ ਹੀ ਕੰਮ ਕਰਦਾ ਹੈ।

**ਸਾਡੀ ਟੀਮ ਵਿੱਚ ਨਿਮਨਲਿਖਤ ਸ਼ਾਮਲ ਹਨ:** ਈਟਿੰਗ ਡਿਸਆਰਡਰ ਦੇ ਮਾਹਰ ਜਿੰਨ੍ਹਾਂ ਵਿੱਚ ਨਰਸਾਂ, ਪੀਅਰ ਸਪੋਰਟ ਵਰਕਰ, ਪੋਸ਼ਣ-ਮਾਹਰ, ਸਰਵਿਸ ਮੈਨੇਜਰ, ਚੈਰਿਟੀ ਕੋਆਰਡੀਨੇਟਰ, ਪ੍ਰਸ਼ਾਸ਼ਕ ਅਤੇ ਤੰਦਰੁਸਤੀ ਸਬੰਧੀ ਸਹਾਇਤਾ ਅਫਸਰ ਅਤੇ ਸਾਡੇ ਬਹੁਮੁੱਲੇ ਸਵੈਸੇਵੀ ਸ਼ਾਮਲ ਹਨ।

## ਅਸੀਂ ਕੀ ਕਰਦੇ ਹਾਂ?

ਸਾਡਾ ਫੋਕਸ ਵਿਅਕਤੀ ਵਿਸ਼ੇਸ਼ਾਂ ਅਤੇ ਉਹਨਾਂ ਦੇ ਪਰਿਵਾਰਾਂ ਦੇ ਨਾਲ ਮਿਲਕੇ ਕੰਮ ਕਰਨਾ ਹੈ ਤਾਂ ਜੋ ਇਸਨੂੰ ਸਵੀਕਾਰ ਕਰਨ ਵਿੱਚ ਅਤੇ ਬਿਮਾਰੀ ਨੂੰ ਸਮਝਣ ਲਈ ਮਦਦ ਕੀਤੀ ਜਾ ਸਕੇ। ਅਸੀਂ ਮੁੜ-ਸਿਹਤਯਾਬੀ ਵਿੱਚ ਸਹਾਇਤਾ ਕਰਨ ਲਈ ਔਜ਼ਾਰ ਪ੍ਰਦਾਨ ਕਰਾਉਣ ਵਿੱਚ ਮਦਦ ਕਰ ਸਕਦੇ ਹਾਂ ਅਤੇ ਵਿਹਾਰਕਤਾਵਾਂ ਵਿੱਚ ਸਹਾਇਤਾ ਕਰ ਸਕਦੇ ਹਾਂ ਉਦਾਹਰਨ ਲਈ ਖਾਣੇ ਦੀ ਯੋਜਨਾਬੰਦੀ ਅਤੇ ਸਹਾਇਤਾ, ਮੁਸ਼ਕਿਲ ਵਿਚਾਰਾਂ ਅਤੇ ਵਿਵਹਾਰਾਂ ਦਾ ਪ੍ਰਬੰਧਨ ਕਰਨਾ ਅਤੇ ਸਰੀਰਕ ਸੁਰੱਖਿਆ ਨੂੰ ਯਕੀਨੀ ਬਣਾਉਣਾ।
ਅਸੀਂ ਜੀ.ਪੀ., ਹਸਪਤਾਲਾਂ, CAMHS (ਚਾਈਲਡ ਐਂਡ ਅਡੋਲਸੈਂਟ ਮੈਂਟਲ ਹੈਲਥ ਸਰਵਿਸ), ਜੋ ਕਿ ਸਥਾਨਕ NHS ਅਡੱਲਟ ਈਟਿੰਗ ਡਿਸਆਰਡਰ ਟੀਮ, ਨਾਲ ਨੇੜੇ ਹੋਕੇ ਕੰਮ ਕਰਦੇ ਹਾਂ,
ਕਮਿਊਨਿਟੀ ਮੈਂਟਲ ਹੈਲਥ ਟੀਮਾਂ, ਸਥਾਨਕ ਯੂਨੀਵਰਸਿਟੀ, ਸਕੂਲ/ਕਾਲਜ ਅਤੇ ਸਥਾਨਕ ਸਵੈਸੇਵੀ ਸੰਸਥਾਵਾਂ।



## ਕੀ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ?

- ਕੀ ਤੁਸੀਂ ਆਪਣੇ ਆਪ ਨੂੰ ਭੋਜਨ ਬਾਰੇ ਨਿਰੰਤਰ ਸੋਚਦੇ ਅਤੇ ਚਿੰਤਾ ਕਰਦੇ ਹੋਏ ਪਾਉਂਦੇ ਹੋ?
- ਕੀ ਤੁਸੀਂ ਆਪਣੇ ਸਰੀਰ ਤੋਂ ਨਾਖੁਸ਼ ਹੋ?
- ਕੀ ਤੁਸੀਂ ਸਮਾਜਕ ਪ੍ਰਸਥਿਤੀਆਂ ਤੋਂ ਪਰਹੇਜ਼ ਕਰਦੇ ਹੋ?
- ਕੀ ਤੁਸੀਂ ਅਕਸਰ ਇਸ ਬਾਰੇ ਸੋਚਦੇ ਹੋ ਕਿ ਜੇ ਭੋਜਨ ਤੁਹਾਡੇ ਜੀਵਨ 'ਤੇ ਹਾਵੀ ਨਾ ਹੁੰਦਾ ਤਾਂ ਤੁਸੀਂ ਕਿਵੇਂ ਮਹਿਸੂਸ ਕਰੋਗੇ?

ਕੀ ਤੁਸੀਂ ਆਪਣੇ ਵਿਚਾਰਾਂ ਅਤੇ ਵਿਵਹਾਰਾਂ ਨੂੰ ਬਦਲਣ ਵਿੱਚ ਮਦਦ ਚਾਹੋਗੇ?

## ਸਾਡੇ ਕੰਮ ਦਾ ਸਮਰਥਨ ਕਰਨਾ

PEDS ਦਾ ਸਥਾਨਕ NHS CCG ਅਤੇ ਯੂਨੀਵਰਸਿਟੀਆਂ ਦੇ ਨਾਲ ਇੱਕ ਇਕਰਾਰਨਾਮਾ ਹੈ ਪਰ ਸਾਡੀਆਂ ਬਹੁਮੁੱਲੀਆਂ ਸੇਵਾਵਾਂ ਨੂੰ ਚਾਲੂ ਰੱਖਣ ਲਈ ਅਸੀਂ ਫ਼ੰਡ ਇਕੱਤਰ ਕਰਨ ਅਤੇ ਦਾਨ ਦੇਣ 'ਤੇ ਵੀ ਭਰੋਸਾ ਕਰਦੇ ਹਾਂ। ਜੇ ਤੁਸੀਂ ਜਸਟ ਗਿਵਿੰਗ ਰਾਹੀਂ ਫ਼ੰਡ ਇਕੱਤਰ ਕਰਨ ਦੇ ਕਿਸੇ ਸਮਾਗਮ ਨੂੰ ਦਾਨ ਕਰਨਾ ਜਾਂ ਇਸਦਾ ਬੰਦੋਬਸਤ ਕਰਨਾ ਚਾਹੋਂਗੇ, ਤਾਂ ਕਿਰਪਾ ਕਰਕੇ ਸਾਡੇ ਪੰਨੇ 'ਤੇ ਜਾਓ
https://www.justgiving.com/pedsupport
ਜਾਂ ਹੇਠਾਂ ਦਿੱਤੇ QR ਕੋਡ ਨੂੰ ਸਕੈਨ ਕਰੋ।

ਜੇ ਦਾਨ ਕਰਨ ਜਾਂ ਫ਼ੰਡ ਇਕੱਤਰ ਕਰਨ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਸਾਡੇ ਨਾਲ 'ਤੇ ਸੰਪਰਕ ਕਰੋ
admin@pedsupport.co.uk

Peds